ਸੀਵਰੇਜ ਦਾ ਪਾਣੀ ਸੜਕਾਂ 'ਤੇ ਆਉਣ ਕਾਰਨ ਮੁਹੱਲਾ ਵਾਸੀ ਬੇਹੱਦ ਦੁਖੀ : ਡਾ. ਬਲਵਿੰਦਰ ਸਿੰਘ

ਸੀਵਰੇਜ ਵਿਭਾਗ ਦੀ ਮਾੜੀ ਕਾਰਗੁਜ਼ਾਰੀ ਤੋਂ ਅੱਕੇ ਮੁਹੱਲਾ ਵਾਸੀਆਂ ਨੇ ਕੀਤੀ ਨਾਅਰੇਬਾਜ਼ੀ

ਮਨਜੀਤ ਸਿੰਘ ਢੱਲਾ

ਜੈਤੋ, 20 ਜਨਵਰੀ : ਸਥਾਨਕ ਜੈਤੋ ਦੇ ਵਾਰਡ ਨੰਬਰ 17 ਡਾ. ਅੰਬੇਡਕਰ ਨਗਰ ਦੇ ਐੱਮ.ਸੀ. ਡਾ. ਬਲਵਿੰਦਰ ਸਿੰਘ ਅਤੇ ਮੁਹੱਲਾ ਵਾਸੀਆਂ ਵੱਲੋਂ ਸੀਵਰੇਜ ਬੋਰਡ ਖਿਲਾਫ ਨਾਅਰੇਬਾਜ਼ੀ ਕੀਤੀ। ਮੁਹੱਲਾ ਵਾਸੀਆਂ ਦਾ ਦੋਸ਼ ਹੈ ਕਿ ਸੀਵਰੇਜ ਦਾ ਦੂਸ਼ਿਤ ਪਾਣੀ ਸੜਕਾਂ ਤੇ ਆਉਣ ਕਾਰਨ ਮੁਹੱਲਾ ਵਾਸੀ ਨਰਕ ਭਰੀ ਜ਼ਿੰਦਗੀ ਬਤੀਤ ਕਰ ਰਹੇ ਹਨ। ਡਾਕਟਰ ਬਲਵਿੰਦਰ ਸਿੰਘ ਐਮ ਸੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਲਾਈਨੋਂ ਪਾਰ ਏਰੀਏ ਵਿੱਚ ਸੀਵਰੇਜ ਪਾਇਆ ਗਿਆ ਹੈ ਤਾਂ ਓਦੋਂ ਤੋਂ ਹੀ ਸੀਵਰੇਜ ਦਾ ਗੰਦਾ ਪਾਣੀ ਓਵਰਫਲੋ ਹੋ ਕੇ ਮੁਹੱਲੇ ਦੀ ਮੁੱਖ ਗਲੀ ਨੰਬਰ 4 ਅਤੇ ਤਕਰੀਬਨ ਸਾਰੀਆਂ ਗਲੀਆਂ ਵਿੱਚ ਸੀਵਰੇਜ ਦਾ ਦੂਸ਼ਿਤ ਪਾਣੀ ਭਰਿਆ ਰਹਿੰਦਾ ਹੈ।ਉਨ੍ਹਾਂ ਦੱਸਿਆ ਗਿਆ ਕਿ ਸਾਡੇ ਮੁਹੱਲੇ ਦੇ ਲੋਕਾਂ ਦੀ ਸੀਵਰੇਜ ਬੋਰਡ ਵੱਲੋਂ ਸ਼ਰੇਆਮ ਬੇਕਦਰੀ ਕੀਤੀ ਹੋਈ ਹੈ, ਕਿਉਂਕਿ

ਕੀ ਸਾਡੇ ਲੋਕਾਂ ਦੀਆਂ ਕੋਈ ਭਾਵਨਾਵਾਂ ਨਹੀਂ ਹਨ.? ਕੀ ਸਾਡੇ ਲੋਕਾਂ ਦੀ ਕੋਈ ਹੋਲੀ, ਦੀਵਾਲੀ ਜਾਂ ਲੋਹੜੀ ਹੈਨੀ.? ਕਿਉਂਕਿ ਬੀਤੀ ਦਿਵਾਲੀ ਅਤੇ ਪਿਛਲੇ ਹਫਤੇ ਲੰਘੀ ਲੋਹੜੀ ਸਾਡੇ ਲੋਕਾਂ ਨੂੰ ਸੀਵਰੇਜ ਦੇ ਗੰਦੇ ਪਾਣੀ ਨਾਲ ਲਬਾਲਬ ਭਰੀਆਂ ਗਲੀਆਂ ਵਿੱਚ ਹੀ ਹੀ ਮਨਾਉਣੀ ਪਈ। ਨਾਲ ਹੀ ਐੱਮ ਸੀ ਡਾ. ਬਲਵਿੰਦਰ ਨੇ ਦੱਸਿਆ ਕਿ ਸੀਵਰੇਜ ਬੋਰਡ ਦੇ ਜੈਤੋ ਸ਼ਹਿਰ ਦੀਆਂ ਸੀਵਰੇਜ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਲਗਾਏ ਗਏ ਸੁਪਰਵਾਈਜਰ ਵੱਲੋਂ ਮੇਰੇ ਵਾਰਡ ਦਾ ਕੰਮ ਕਰਵਾਉਣ ਤੋਂ ਉੱਕਾ ਹੀ ਮਨਾਹੀ ਕਰ ਦਿੱਤੀ ਹੈ, ਜਿਸਦੇ ਰੋਸ ਵਜੋਂ ਲਾਈਨੋਂ ਪਾਰ ਸਾਰਾ ਏਰੀਆ ਅਤੇ ਸ਼ਹਿਰ ਜੈਤੋ ਦੇ ਬਾਕੀ ਉਹ ਵਾਰਡ ਜਿੰਨਾਂ ਨੂੰ ਸੀਵਰੇਜ ਬੋਰਡ ਦੀਆਂ ਨਾਲਾਇਕੀਆਂ ਅਤੇ ਅਣਦੇਖੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਕੱਠੇ ਹੋ ਕੇ ਮੁਹੱਲਾ ਵਾਸੀਆਂ ਨੇ ਕਿਹਾ ਕਿ ਜੇਕਰ ਸਮੱਸਿਆ ਵੱਲ ਧਿਆਨ ਨਾ ਦਿੱਤਾ ਤਾਂ ਅਗਲੇ ਹਫਤੇ ਮਤਲਬ ਵਰਕਿੰਗ ਡੇਅ ਨੂੰ ਮੁਕਤਸਰ ਰੋਡ ਵਿਖੇ ਧਰਨਾ ਪ੍ਰਦਰਸ਼ਨ ਕਰਨਗੇ।

ਪੰਜਾਬ ਗ੍ਰਾਮੀਣ ਬੈਂਕ ਕਾਠਗੜ੍ਹ 'ਚ ਗਾਹਕ ਮਿਲਣੀ ਕਰਵਾਈ

ਸੁਖਦੇਵ ਸਿੰਘ ਪਨੇਸਰ

ਕਾਠਗੜ੍ਹ /19 ਜਨਵਰੀ : ਅੱਜ ਕਸਬਾ ਕਾਠਗੜ੍ਹ ਦੇ ਗ੍ਰਾਮੀਣ ਬੈਂਕ ਵਿੱਚ ਬੈਂਕ ਮੈਨੇਜਰ ਦੀਪਕ ਚੌਧਰੀ ਦੀ ਪ੍ਰਧਾਨਗੀ ਹੇਠ ਇਕ ਗਾਹਕ ਮਿਲਣੀ ਲਣੀ ਹੋਈ। ਜਿਸ ਵਿਚ ਕਸਬਾ ਕਾਠਗੜ੍ਹ ਦੇ ਦੁਕਾਨਦਾਰਾਂ ਅਤੇ ਕਾਰੋਬਾਰੀ ਵਪਾਰੀਆਂ ਦਾ ਭਾਰੀ ਇਕੱਠ ਹੋਇਆ।ਬੈਂਕ ਮੈਨੇਜਰ ਨੇ ਇਕੱਤਰ ਹੋਏ ਵਿਅਕਤੀਆਂ ਅਤੇ ਬੈਂਕ ਖਾਤਾ ਧਾਰਕਾਂ ਨੂੰ ਬੈਂਕ ਦੀਆਂ ਪਾਲਸੀਆਂ ਬਾਰੇ ਵਿਸਥਾਰ ਪੂਰਵਕ ਜਾਣੂ ਕਰਵਾਇਆ। ਉਹਨਾਂ ਇਹ ਵੀ ਦੱਸਿਆ ਕਿ ਪੰਜਾਬ ਗ੍ਰਾਮੀਣ ਬੈਂਕ ਵੱਲੋਂ ਘੱਟ ਵਿਆਜ ਤੇ ਲੋਨ ਦਿੱਤੇ ਜਾਂਦੇ ਹਨ ਅਤੇ ਜਿਸ ਵਿਅਕਤੀ ਦਾ ਬੈਂਕ ਨਾਲ ਲੈਣ ਦੇਣ ਵਧੀਆ ਹੋਵੇ ਉਸ ਵਿਅਕਤੀ ਨੂੰ ਬਿਨਾਂ ਕਿਸੇ ਗਰੰਟੀ ਤੋਂ ਇਕ ਲੱਖ 60 ਹਜ਼ਾਰ ਦਾ ਲੋਨ ਸਕੀਮ ਤੋਂ ਸਕੀਮ ਨਾਲ ਬਾਜਵ ਬਿਆਜ ਦਰ ਨਾਲ ਦਿੱਤਾ ਜਾਂਦਾ ਹੈ। ਅਸੀਂ ਹਰ ਸਾਲ ਇਹੋ ਜਿਹੇ ਸੱਤ- ਅਠ ਕੈਂਪ ਵੱਖ ਵੱਖ ਪਿੰਡਾਂ ਵਿੱਚ ਲਗਾਂਦੇ ਰਹਿੰਦੇ ਹਾਂ। ਉਹਨਾਂ ਇਹ ਵੀ ਦੱਸਿਆ ਕਿ ਸਾਡੇ ਬੈਂਕ ਵਿਚ ਬੱਚਤ ਖ਼ਾਤੇ ਅਤੇ (ਐਫ ਡੀ) ਤੇ ਵੱਧ ਵਿਆਜ਼ ਦਿਤਾ ਜਾਂਦਾ ਹੈ।ਇਸ ਮੌਕੇ ਉਹਨਾਂ ਨਾਲ ਬੈਂਕ ਦੇ ਅਸਿਸਟੈਂਟ ਮੈਨੇਜਰ ਗੁਰਵਿੰਦਰ ਸਿੰਘ ਸੈਣੀ, ਕੈਸ਼ੀਅਰ ਹਿਮਾਂਸ਼ੂਵਾ ਰਾਵਤ,ਸਕਿਓਰਟੀ ਅਫ਼ਸਰ ਸੁਰਜੀਤ ਸਿੰਘ, ਬਿਜਨਿਸ ਕੋਰਸ ਪਾਊਂਡੈਂਟ (ਬੀ ਸੀ)ਅਮਨਦੀਪ ਕੌਰ ਤੋਂ ਇਲਾਵਾ ਇਲਾਕਾ ਭਰ ਤੋਂ ਮੋਤਵਰ ਸ਼ਖਸੀਅਤਾਂ ਜਸਪਾਲ ਸਿੰਘ ਰਿਟਾਇਰਡ ਰੇਂਜ ਅਫਸਰ, ਕਾਬਲ ਸਿੰਘ ਚੇਚੀ,ਮਨੋਹਰ ਲਾਲ ਸੇਵਾ ਮੁਕਤ ਪਟਵਾਰੀ, ਠੇਕੇਦਾਰ ਪ੍ਰਵੀਨ ਕੁਮਾਰ ਕਾਕਾ,ਮਾਸਟਰ ਰਵਿੰਦਰ ਕਸਾਣਾ ਸੂਰਾਪੁਰ, ਬਲਵੀਰ ਫੀਡ ਮਰਚੈਂਟ, ਮੈਡਮ ਰੇਨੂ ਬਾਲਾ ਪ੍ਰਿੰਸੀਪਲ,ਵਾਇਸ ਪ੍ਰਿੰਸੀਪਲ ਸ਼ੇਰ ਜੰਗ ਰਾਣਾ, ਸੁਭਾਸ਼ ਪਿੰਟੂ, ਪਰਮਜੀਤ ਪੰਮਾ,ਚਮਨ ਲਾਲ ਟੇਲਰ ਮਾਸਟਰ,ਰਾਮ ਕੁਮਾਰ ਸ਼ਰਮਾ ਅਤੇ ਮੱਘੋ ਤੋਂ ਇਲਾਵਾ ਕਸਬਾ ਕਾਠਗੜ੍ਹ ਦੇ ਬਾਕੀ ਦੁਕਾਨਦਾਰਾਂ ਨੇ ਇਸ ਸੈਮੀਨਾਰ ਵਿਚ ਵੱਧ ਚੜ ਕੇ ਹਿੱਸਾ ਲਿਆ ਅਤੇ ਆਪਣੀ ਜਾਣਕਾਰੀ ਵਿੱਚ ਵਾਧਾ ਕਰਕੇ ਖੁਸ਼ੀ ਮਹਿਸੂਸ ਕੀਤੀ। ਅਖੀਰ ਵਿੱਚ ਬੈਂਕ ਮੈਨੇਜਰ ਨੇ ਸਭਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਅਯੁੱਧਿਆ ਮੰਦਰ ਦੀ ਖੁਸ਼ੀ 'ਚ ਪ੍ਰੈੱਸ ਕਲੱਬ ਜਗਰਾਉਂ ਕਰੇਗਾ ਭੰਡਾਰਾ

ਚਰਨਜੀਤ ਸਿੰਘ ਚੰਨ

ਜਗਰਾਉਂ, 20 ਜਨਵਰੀ : 22 ਜਨਵਰੀ ਦਿਨ ਸੋਮਵਾਰ ਨੂੰ ਅਯੋਧਿਆ ਧਾਮ ਵਿਖੇ ਭਗਵਾਨ ਸ੍ਰੀ ਰਾਮ ਲਲਾ ਜੀ ਦੇ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦਾ ਦੇਸ਼ ਭਰ ਵਿਚ ਉਤਸਵ ਸਮਾਰੋਹ ਦੀ ਖੁਸ਼ੀ ਵਿੱਚ ਪ੍ਰੈਸ ਕਲੱਬ ਰਜਿਸਟਰ ਜਗਰਾਉਂ ਵੱਲੋਂ ਭੰਡਾਰਾ ਲਗਾਇਆ ਜਾਵੇਗਾ। ਭਗਵਾਨ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ 500 ਸਾਲਾਂ ਬਾਅਦ ਅਯੋਧਿਆ ਧਾਮ ਵਿਖੇ ਬਣੇ ਵਿਸ਼ਾਲ ਮੰਦਰ ਵਿੱਚ ਵਿਰਾਜਮਾਨ ਹੋਣ ਦੇ ਮੌਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਪ੍ਰੈਸ ਕਲੱਬ ਰਜਿਸਟਰ ਜਗਰਾਉਂ ਦੇ ਪ੍ਰਧਾਨ ਸੁਖਦੀਪ ਨਾਹਰ ਕਿਹਾ ਕੀ ਸਾਰੇ ਹੀ ਸਨਾਤਨ ਧਰਮ ਪ੍ਰੇਮੀਆਂ ਅਤੇ ਭਗਵਾਨ ਸ੍ਰੀ ਰਾਮ ਚੰਦਰ ਜੀ ਮਹਾਰਾਜ ਵਿੱਚ ਆਪਣੀ ਆਸਥਾ ਤੇ ਸ਼ਰਧਾ ਰੱਖਣ ਵਾਲੇ ਹਰ ਵਰਗ ਦੇ ਲੋਕਾਂ ਦੇ ਲਈ ਇਹ ਬੜਾ ਹੀ ਪਾਵਨ ਅਤੇ ਖੁਸ਼ੀ ਦਾ ਮੌਕਾ ਹੈ ਅਤੇ ਪ੍ਰੈਸ ਕਲੱਬ ਰਜਿਸਟਰ ਜਗਰਾਉਂ ਵੱਲੋਂ ਵੀ ਇਸ ਪਾਵਨ ਅਤੇ ਪਵਿੱਤਰ ਮੌਕੇ ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਤਹਿਸੀਲ ਰੋਡ ਵਿਖੇ ਸਥਿਤ ਕ੍ਰਿਸ਼ਨਾ ਗਿਫਟ ਗ੍ਰੈਲਰੀ ਨੇੜੇ ਐਸ.ਐਸ.ਪੀ. ਦਫਤਰ ਜਗਰਾਉਂ ਵਿਖੇ 22 ਜਨਵਰੀ ਦਿਨ ਸੋਮਵਾਰ ਨੂੰ ਭਗਵਾਨ ਸ੍ਰੀ ਰਾਮ ਚੰਦਰ ਜੀ ਮਹਾਰਾਜ ਜੀ ਦੇ ਆਸ਼ੀਰਵਾਦ ਦੇ ਸਦਕਾ ਭੰਡਾਰਾ ਲਗਾਇਆ ਜਾਵੇਗਾ ਜੋ ਸਵੇਰੇ 11 ਵਜੇ ਸ਼ੁਰੂ ਹੋ ਕੇ ਭਗਵਾਨ ਸ੍ਰੀ ਰਾਮ ਜੀ ਦੀ ਕਿਰਪਾ ਸਦਕਾ ਦੇਰ ਸ਼ਾਮ ਤੱਕ ਚੱਲੇਗਾ। ਇਸ ਮੌਕੇ ਪ੍ਰੈਸ ਕਲੱਬ ਰਜਿਸਟਰ ਜਗਰਾਉਂ ਨੇ ਸ਼ਹਿਰ ਦੇ ਸਾਰੇ ਹੀ ਮੋਤਵਰ ਅਤੇ ਸ੍ਰੀ ਰਾਮ ਭਗਤਾਂ ਨੂੰ ਪ੍ਰੈਸ ਕਲੱਬ ਰਜਿਸਟਰ ਜਗਰਾਉਂ ਵੱਲੋਂ ਲਗਾਏ ਗਏ ਭੰਡਾਰੇ ਵਿੱਚ ਪਹੁੰਚਣ ਅਤੇ ਭੰਡਾਰਾ ਛੱਕ ਕੇ ਭਗਵਾਨ ਸ੍ਰੀ ਰਾਮ ਚੰਦਰ ਜੀ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ।

ਰੇਲਵੇ ਕੈਟਰਿੰਗ ਲਾਇਸੰਸਧਾਰਕਾਂ/ਠੇਕੇਦਾਰਾਂ ਦੇ ਹਿੱਤਾਂ ਲਈ ਸੰਘਰਸ਼ ਤੇਜ਼ ਕੀਤਾ ਜਾਵੇਗਾ: ਰਵਿੰਦਰ ਗੁਪਤਾ

ਰੇਲਵੇ ਪ੍ਰਸ਼ਾਸਨ ਦੇ ਨਾਦਰਸ਼ਾਹੀ ਹੁਕਮਾਂ ਨੇ ਰੇਲਵੇ ਕੈਟਰਿੰਗ ਕਾਰੋਬਾਰ ਨੂੰ ਦਲਦਲ 'ਚ ਧੱਕ ਕੇ ਤਬਾਹ ਕਰ ਦਿੱਤਾ

ਧਰਮਪਾਲ ਸਿੰਘ

ਬਰਨਾਲਾ, 20 ਜਨਵਰੀ : ਅੱਜ ਆਲ ਇੰਡੀਆ ਰੇਲਵੇ ਕੈਟਰਿੰਗ ਲਾਇਸੈਂਸੀਜ਼ ਵੈਲਫੇਅਰ ਐਸੋਸੀਏਸ਼ਨ (ਰਜਿ) ਦੀ ਮੀਟਿੰਗ ਕੌਮੀ ਪ੍ਰਧਾਨ ਸ੍ਰੀ ਰਵਿੰਦਰ ਗੁਪਤਾ ਦੀ ਅਗਵਾਈ ਹੇਠ ਹੋਈ। ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸ੍ਰੀ ਰਵਿੰਦਰ ਗੁਪਤਾ ਅਤੇ ਖਜ਼ਾਨਚੀ ਪ੍ਰਵੀਨ ਕੁਮਾਰ ਸ਼ਰਮਾ ਪਾਣੀਪਤ ਦਾ ਅੰਬਾਲਾ ਕੈਂਟ ਪਹੁੰਚਣ 'ਤੇ ਸਹਿ ਸਕੱਤਰ ਡਾ: ਰਿਪੁਦਮਨ ਗੁਲਾਟੀ ਅੰਬਾਲਾ, ਸਹਿ ਸਕੱਤਰ ਕੁਮਾਰੀ ਅੰਜਲੀ ਵਧਾਵਨ ਅੰਬਾਲਾ, ਪ੍ਰਚਾਰ ਸਕੱਤਰ ਵਿਜੇ ਭੰਡਾਰੀ ਬਰਨਾਲਾ, ਰਾਸ਼ਟਰੀ ਕਾਰਜਕਾਰਨੀ ਸ. ਮੈਂਬਰ ਦੀਪਕ ਰਿਸ਼ੀ (ਪੱਪੂ) ਅੰਬਾਲਾ ਨੇ ਉਨ੍ਹਾਂ ਦਾ ਗੁਲਦਸਤਾ ਭੇਟ ਕਰਕੇ ਸ਼ਾਨਦਾਰ ਸਵਾਗਤ ਕੀਤਾ। ਪ੍ਰੈਸ ਨਾਲ ਗੱਲਬਾਤ ਕਰਦਿਆਂ ਸ੍ਰੀ ਰਵਿੰਦਰ ਗੁਪਤਾ ਨੇ ਕਿਹਾ ਕਿ ਨਵੀਂ ਰੇਲਵੇ ਕੈਟਰਿੰਗ ਨੀਤੀ

ਤਹਿਤ ਰੇਲਵੇ ਕੈਟਰਿੰਗ ਸੇਵਾ ਵਿੱਚ ਚਾਰ ਪੀੜ੍ਹੀਆਂ ਗੁਜ਼ਾਰਨ ਵਾਲੇ ਛੋਟੇ ਕੈਟਰਿੰਗ ਠੇਕੇਦਾਰਾਂ 'ਤੇ ਬੇਰੁਜ਼ਗਾਰੀ ਦੀ ਤਲਵਾਰ ਲਟਕ ਰਹੀ ਹੈ। ਉਨ੍ਹਾਂ ਕਿਹਾ ਕਿ ਰੇਲਵੇ ਪ੍ਰਸ਼ਾਸਨ ਦੇ ਤਾਨਾਸ਼ਾਹੀ ਹੁਕਮਾਂ ਨੇ ਰੇਲਵੇ ਕੈਟਰਿੰਗ ਕਾਰੋਬਾਰ ਨੂੰ ਦਲਦਲ ਵਿੱਚ ਧੱਕ ਦਿੱਤਾ ਹੈ ਅਤੇ ਇਸ ਨੂੰ ਬਰਬਾਦ ਕਰ ਦਿੱਤਾ ਹੈ। ਜਿਸ ਦੇ ਭਵਿੱਖ ਵਿੱਚ ਘਾਤਕ ਸਿੱਟੇ ਨਿਕਲਣਗੇ। ਰੇਲਵੇ ਪ੍ਰਸ਼ਾਸਨ ਨੂੰ ਇਸ ਸਮੱਸਿਆ ਨੂੰ ਪੂਰੀ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਰੇਲਵੇ ਬੋਰਡ 'ਤੇ ਹੈਰਾਨੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਲਾਇਸੰਸਧਾਰਕਾਂ/ਠੇਕੇਦਾਰਾਂ ਨੂੰ ਬਾਹਰ ਦਾ ਰਸਤਾ ਦਿਖਾਉਣ ਦੀ ਸੋਚੀ ਸਮਝੀ ਸਾਜ਼ਿਸ਼ ਤਹਿਤ 2012 ਤੋਂ ਰੇਲਵੇ ਕੈਟਰਿੰਗ ਦੇ ਰੇਟਾਂ ਦੀ ਸਮੀਖਿਆ ਨਹੀਂ ਕੀਤੀ ਗਈ। ਜਦੋਂ ਕਿ ਮਹਿੰਗਾਈ 200 ਫੀਸਦੀ ਤੱਕ ਵਧ ਗਈ ਹੈ। ਜੋ ਕਿ ਸਰਾਸਰ ਬੇਇਨਸਾਫ਼ੀ ਹੈ। ਲਾਇਸੈਂਸ ਫੀਸ ਕਈ ਗੁਣਾ ਵਧ ਗਈ ਹੈ ਅਤੇ ਇਸ ਦੇ ਨਾਲ ਹੀ ਹੋਰ ਖਰਚਿਆਂ ਦੇ ਨਾਲ-ਨਾਲ ਜੀਐਸਟੀ ਦਾ ਬੋਝ ਵੀ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਰੇਲਵੇ ਕੈਟਰਿੰਗ ਲਾਇਸੰਸਧਾਰੀਆਂ/ਠੇਕੇਦਾਰਾਂ ਦੇ ਹਿੱਤਾਂ ਲਈ ਸੰਘਰਸ਼ ਤੇਜ਼ ਕੀਤਾ ਜਾਵੇਗਾ ਅਤੇ ਇਨ੍ਹਾਂ ਸਾਰੇ ਮੁੱਦਿਆਂ 'ਤੇ ਵਿਚਾਰ ਕਰਨ ਲਈ ਇੱਕ ਵਫ਼ਦ ਜਲਦੀ ਹੀ ਸੀ.ਈ.ਓ ਅਤੇ ਚੇਅਰਮੈਨ ਰੇਲਵੇ ਬੋਰਡ, ਨਵੀਂ ਦਿੱਲੀ ਨੂੰ ਮਿਲੇਗਾ।

ਇਸ ਮੌਕੇ ਰਾਸ਼ਟਰੀ ਪ੍ਰਧਾਨ ਸ੍ਰੀ ਰਵਿੰਦਰ ਗੁਪਤਾ ਅਤੇ ਖਜ਼ਾਨਚੀ ਪ੍ਰਵੀਨ ਕੁਮਾਰ ਸ਼ਰਮਾ ਪਾਣੀਪਤ ਨੂੰ ਹਰਜੀਤ ਸਿੰਘ (ਬਿੱਲਾ) ਅੰਬਾਲਾ ਸਿਟੀ, ਅਨਿਲ ਜੈਨ ਕਾਲਕਾ, ਦੀਪਕ ਰਾਏ ਪਟਿਆਲਾ ਵੱਲੋਂ ਸ਼ਾਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਪਬਲਿਕ ਨੋਟਿਸ

ਆਮ ਲੋਕਾਂ ਨੂੰ ਨੋਟਿਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਮੇਰਾ ਮਕਾਨ ਨੰ: 653 ਗਲੀ ਨੰ: 5 ਤ੍ਰਿਪੁਰੀ ਟਾਊਨ ਪਟਿਆਲਾ ਪੰਜਾਬ ਵਿਚ ਸਥਿਤ ਹੈ ਜੋ ਮੈਂ ਚੰਦਰ ਭਾਨ ਪੁੱਤਰ ਆਸਾ ਰਾਮ ਤੋਂ ਖਰੀਦ ਕੀਤਾ ਸੀ, ਇਸ ਦੀ ਲੈਮੀਨੇਟਿਡ ਟਾਈਟਲ ਡੀਡ ਵਸਿਕਾ ਨੰ: 5977 ਮਿਤੀ 27.03.1978 ਜੋ ਰਵੇਲ ਚੰਦ ਪੁੱਤਰ ਲੋਭਿੰਦਾ ਰਾਮ ਦੇ ਹੱਕ ਵਿੱਚ ਹੈ ਹੁਣ ਮੈਂ ਪ੍ਰੇਮ ਕੁਮਾਰ ਬੱਤਰਾ ਉਸੇ ਸੰਪਤੀ ਉਪਰ ਸਿੱਖਿਆ ਲੋਨ ਲੈ ਰਿਹਾ ਹਾਂ ਜੇਕਰ ਕਿਸੇ ਵੀ ਧਿਰ ਦਾ ਉਕਤ ਜਾਇਦਾਦ 'ਤੇ ਕੋਈ ਹੱਕ/ਦਾਅਵਾ ਹੈ, ਤਾਂ ਸਟੇਟ ਬੈਂਕ ਆਫ ਇੰਡੀਆ, ਭੱਪਲ ਸਾਖਾ, ਰਾਜਪੁਰਾ, ਪਟਿਆਲਾ ਕੋਲ ਪ੍ਰਕਾਸ਼ਨਾਂ ਤੋਂ 15 ਦੇ ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਸੰਪਰਕ 01762-230556, Sbi.51345@sbi.co.in

PUBLIC NOTICE

This is to inform that of Sh. Chaman Lal son of Sh. Surjit Singh, r/o # 8590/11/1, 9, Guru Angad Dev Colony, Ludhiana, is owner of the property in question on House measuring 570 sq. yards, Khata no. 199/200, 196/202, comprised under Khasra no. 14/24/2/2/2, 25/1, as per Jamabandi year 2008-2009, situated at village Gaispura, Locality known as Shanti Colony, Tehsil & Distt. Ludhiana. (Punjab) The above said owner is going sell the property in favour of Sh. Naveen Kumar Shah son of Amir Shah and purchaser Sh. Naveen Kumar Shah son of Amir Shah is going mortgage the property with the Shriram Housing Finance Ltd., SCO 14 I 2nd Floor I Skyland Tower I Feroze Gandhi market I Opp. DCB Bank lludhiana - 141001 The owner has misplaced Sale deed dated 28.08.2019, bearing vasika no. 6570, in respect of the property measuring 570 sq. yards as executed and registered by Smt. Raj Kaur wife of Sh. Gurmukh Singh and Gurmukh son of Tehal Singh in favour of Sh. Bachitter Singh son of Sh. Gurmukh Singh in Original. AND he has not been able to trace out the same. If anybody has any objection regarding the above said property or the creation of mortgage over the said property then he should file objections at the below mentioned address. In case no objections are received within 7 days of this publication then it will be presumed that there is no objection and after that period no objection will be entertained. SHRI RAM HOUSING FINANCE LTD., SCO 14 I 2ND FLOOR I SKY LAND TOWER I FEROZE GANDHI MARKET I OPP. DCB BANK LUDHIANA – 141001, LUDHIANA M: 9988851143 AND EXCELLENT LEGAL SERVICES OFFICE NO. 45/4A/2, MODEL GRAM, BACK SIDE NEW DISTT. COURT COMPLEX LUDHIANA. PH-0161-4661890

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

ਦੇਸ਼ ਸੇਵਕ ਦੀ ਮੈਨੇਜਮੈਂਟ ਇਸ ਅਖ਼ਬਾਰ 'ਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਅਸਟੇਟ ਦਫਤਰ, ਯੂ.ਟੀ., ਚੰਡੀਗੜ੍ਹ

ਪਬਲਿਕ ਨੋਟਿਸ

ਸਨਮੁਖ ਸ੍ਰੀ ਰਾਜੀਵ ਤਿਵਾਰੀ, ਅਸਿਸਟੈਂਟ ਅਸਟੇਟ ਆਫਿਸਰ, ਯੂ.ਟੀ., ਚੰਡੀਗੜ੍ਹ

ਵਿਸ਼ਾ : ਵਪਾਰਕ ਐਸਸੀਐਚ ਨੰ 11-12, ਸੈਕਟਰ 22-ਸੀ, ਚੰਡੀਗੜ੍ਹ (ਸੀਪੀ 696) ਦੇ 13.89 ਫੀਸਦੀ ਹਿਸੇ ਦੇ ਮਾਲਕਾਨਾ ਹੱਕ ਸਵ. ਸ੍ਰੀ ਸੁੰਦਰ ਸ਼ਾਮ ਦੀ ਬਿਨਾ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਤਬਦੀਲ ਕਰਨ ਸੰਬੰਧੀ।

ਆਮ ਜਨ ਸਧਾਰਨ ਤੇ ਸਾਰੇ ਸੰਬੰਧੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਦੇ ਰਿਕਾਰਡ ਮੁਤਾਬਕ ਸ੍ਰੀ ਸੁੰਦਰ ਸ਼ਾਮ ਵਪਾਰਕ ਐਸਸੀਐਚ ਨੰ 11-12, ਸੈਕਟਰ 22-ਸੀ, ਚੰਡੀਗੜ੍ਹ ਦੇ 13.89 ਫੀਸਦੀ ਹਿੱਸੇ ਦੇ ਮਾਲਕ/ਲੀਜੀ ਹਨ। ਮਨੋਹਰ ਲਾਲ ਬਜਾਜ ਨੇ ਦਸਿਆ ਹੈ ਕਿ ਸ੍ਰੀ ਸੁੰਦਰ ਸ਼ਾਮ ਦੀ ਮੌਤ ਮਿਤੀ 20/03/2016 ਨੂੰ ਹੋ ਚੁੱਕੀ ਹੈ ਅਤੇ ਉਸ ਨੇ ਦਸਿਆ ਹੈ ਕਿ ਮ੍ਰਿਤਕ ਮਾਲਕ/ਲੀਜੀ ਦੇ ਹੇਠ ਅਨੁਸਾਰ ਕਾਨੂੰਨੀ ਵਾਰਸ ਹਨ :

ਲੜੀ ਨੰ.	ਕਾਨੂੰਨੀ ਵਾਰਸਾਂ ਦੇ ਨਾਂ	ਮ੍ਰਿਤਕ ਨਾਲ ਰਿਸ਼ਤਾ
1.	ਸ